بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.10.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 09 ਅਕਤੂਰ ਸਨ 2015 ਈ. ਨੂੰ ਮਸਜਿਦ ਬੈਤੁਨੂਰ ਹਾਲੈਂਡ ਵਿੱਚ ਦਿੱਤਾ ।

ਹਰ ਅਹਮਦੀ ਦਾ ਇਹ ਕੰਮ ਹੈ ਕਿ ਜੱਦ ਉਹ ਆਪਣੇ ਆਪ ਨੂੰ ਅਹਮਦੀਅਤ ਵੱਲ ਮੜ੍ਹਦਾ ਹੈ ਤਾਂ ਹਮੇਸ਼ਾ ਜਮਾਤ ਦੀ ਵਿਵਸਥਾ ਨਾਲ ਮਜ਼ਬੂਤ ਸੰਥੰਧ ਰਖੱਣਾ ਅਤੇ ਖ਼ਿਲਾਫ਼ਤੇ ਅਹਮਦੀਆ ਨਾਲ ਵਫ਼ਾਦਾਰੀ ਅਤੇ ਆਗਿਆਕਾਰੀ ਦਾ ਸੰਥੰਧ ਰਖੱਣਾ ਉਸ ਦਾ ਕਰਤਵ ਹੈ ਕਿਉਂਕਿ ਉਸ ਨੇ ਬੈਅਤ ਕਰਦੇ ਸਮੇਂ ਇਹੋ ਪ੍ਰਣ ਕੀਤਾ ਸੀ । ਖ਼ਿਲਾਫ਼ਤ ਵੱਲੋਂ ਜੋ ਵੀ ਹਿਦਾਇਤਾਂ ਆਉਂਦੀਆਂ ਹਨ ਜੋ ਸਨੀਹਤਾਂ ਕੀਤੀਆਂ ਜਾਂਦੀਆਂ ਹਨ ਜੋ ਪ੍ਰੋਗਰਾਮ ਦਿੱਤੇ ਜਾਂਦੇ ਹਨ ਉਹਨਾਂ ਉੱਪਰ ਅਮਲ ਕਰਕੇ ਹੀ ਇਸ ਪ੍ਰਣ ਨੂੰ ਪੂਰਾ ਕੀਤਾ ਜਾ ਸਕਦਾ ਹੈ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਏਥੇ ਅਹਮਦੀਆਂ ਦੀ ਬਹੁਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਜਨਮ ਤੋਂ ਅਹਮਦੀ ਹਨ ਜਾਂ ਉਹ ਲੋਕ ਹਨ ਜਿੰਨ੍ਹਾ ਦੇ ਘਰਾਂ ਵਿੱਚ ਬਹੁਤ ਨਿੱਕਿਆਂ ਹੁੰਦਿਆਂ ਬਚਪੁਨੇ ਵਿੱਚ ਅਹਮਦੀਅਤ ਆਈ ਅਤੇ ਉਹਨਾ ਦੀ ਪਰਵਾਨ ਅਹਮਦੀ ਮਹੌਲ ਵਿੱਚ ਹੋਈ ਅਤੇ ਉਹਨਾਂ ਵਿੱਚ ਵੀ ਬਹੁਤੀ ਗਿਣਤੀ ਪਾਕਿਦਦਸਤਾਨੀਆਂ ਦੀ ਹੈ ਜਿੰਨ੍ਹਾ ਨੂੰ ਇਸ ਦੇਸ਼ ਵਿੱਚ ਇਸ ਲਈ ਰਹਿਣ ਅਤੇ ਏਥੋਂ ਦਾ ਸ਼ਹਿਰੀ ਬਣਨ ਦੀ ਆਗਿਆ ਮਿਲੀ ਕਿ ਆਪ ਲੋਕਾਂ ਨੇ ਏਥੇ ਆਣ ਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਪਾਕਿਸਤਾਨ ਵਿੱਚ ਆਪ ਨੂੰ ਸੁਤੰਤਰ ਰੂਪ ਵਿੱਚ ਆਪਣੇ ਧਰਮ ਅਨੁਸਾਰ ਇਸਲਾਮੀ ਸਿੱਖਿਆ ਅਨੁਕੂਲ ਪ੍ਰਗਟਾਵੇ ਅਤੇ ਅਮਲ ਕਰਨ ਦੀ ਆਗਿਆ ਨਹੀਂ ਸੀ ਜਾਂ ਨਹੀਂ ਹੈ । ਕੁਝ ਅਜਿਹੇ ਵੀ ਹੋਣਗੇ ਜਿੰਨ੍ਹਾ'ਤੇ ਸਿੱਧੇ ਤੋਰ'ਤੇ ਮੁਕਦੱਮੇ ਵੀ ਬਣੇ ਹੋਣਗੇ । ਸੋ, ਇਸ ਬਹੁ ਗਿਣਤੀ ਨੂੰ ਏਥੇ ਰਹਿਣ ਦੀ ਆਗਿਆ ਜਾਂ ਏਥੋਂ ਦੀ ਸਰਕਾਰ ਦੀ ਮਿਹਰ ਇਸ ਕਰਕੇ ਹੈ ਕਿ ਆਪ ਆਪਣੇ ਆਪ ਨੂੰ ਅਹਮਦੀ ਕਹਿੰਦੇ ਹਨ । ਸੋ ਇਹ ਅਹਮਦੀ ਹੋਣ ਦਾ ਐਲਾਨ ਆਪ ਉਪੱਰ ਕੁਝ ਜ਼ਿੰਮੇਦਾਰੀ ਪਾਉਂਦਾ ਹੈ ਅਤੇ ਇਸ ਜ਼ਿੰਮੇਦਾਰੀ ਤੋਂ ਉਹ ਅਹਮਦੀ ਬਾਹਰ ਨਹੀਂ ਹਨ ਜੋ ਆਪਣੀ ਵਿਦਿਅਕ ਜਾਂ ਕਿਸੇ ਹੋਰ ਪ੍ਰਕਾਰ ਦੀ ਯੋਗਤਾ ਦੇ ਸਬਬ ਇਸ ਦੇਸ਼ ਵਿੱਚ ਆਏ ਹਨ ਅਤੇ ਏਥੇ ਆਣ ਕੇ ਆਪਣੀ ਵਿਦਿਅਕ ਯੋਗਤਾ ਅਤੇ ਨਿਪੁਣਤਾ ਨੂੰ ਹੋਰ ਵੀ ਨਿਖਾਰਣ ਦਾ ਮੌਕਾ ਮਿਲਿਆ ਅਤੇ ਆਪਣੇ ਆਪ ਨੂੰ ਜਮਾਤ ਅਹਮਦੀਆ ਨਾਲ ਵੀ ਜੋੜਦੇ ਹਨ । ਇਸੇ ਪ੍ਰਾਕਰ ਨਵੀਆਂ ਬੈਅਤਾਂ ਕਰਨ ਵਾਲੇ ਵੀ ਹਨ, ਉਹ ਜੱਦ ਬੈਅਤ ਕਰਦੇ ਹਨ ਅਤੇ ਜਮਾਤ ਅਹਮਦੀਆ ਵਿੱਚ ਇਸ ਲਈ ਸ਼ਾਮਲ ਹੁੰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਦੀ ਸਚੱਾਈ ਉਪੱਰ ਵਿਸ਼ਵਾਸ ਹੈ ਤਾਂ ਬੈਅਤ ਦੇ ਬਾਦ ਉਹਨਾਂ ਉਪੱਰ ਵੀ ਇਸ ਬੈਅਤ ਹਕ ਪੂਰਾ ਕਰਨ ਦੀ ਜ਼ਿੰਮੇਦਾਰੀ ਲਾਗੂ ਹੁੰਦੀ ਹੈ ਰੱਬ ਉਹਨਾਂ ਨੂੰ ਵੀ ਇਸ ਸਬਬ ਨਾਲ ਇਸ ਜ਼ਿੰਮੇਦਾਰੀ ਤੋਂ

ਅਜ਼ਾਦ ਨਹੀਂ ਕਰ ਦੇਵੇਗਾ ਕਿ ਉਹ ਆਖਣ ਕਿ ਅਸੀਂ ਜਨਮ ਤੋਂ ਅਹਮਦੀਆਂ ਨੂੰ ਜਾਂ ਪੁਰਾਣੇ ਅਹਮਦੀਆਂ ਨੂੰ ਜਿਵੇਂ ਕਰਦਿਆਂ ਦੇਖਿਆ ਉਸੇ ਪ੍ਰਕਾਰ ਕੀਤਾ ।

ਇਸ ਜੁੱਗ ਵਿੱਚ ਸਾਡੀ ਤਰਬੀਯਤ (ਦੇਖਰੇਖ) ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁਰਆਨ ਤੇ ਸੁਨੱਤੇ ਰਸੂਲ ਬਾਰੇ ਵਿਸਥਾਰ ਤੇ ਵਿਆਖਿਆਵਾਂ ਨੂੰ, ਲੇਖਣੀਆਂ ਨੂੰ ਸਮਝਣਾ ਵੀ ਜ਼ਰੂਰੀ ਹੈ, ਜਿੰਨ੍ਹਾ ਨੂੰ ਦੇਖਣਾ, ਪੜ੍ਹਨਾ ਤੇ ਸਮਝਣਾ ਜ਼ਰੂਰੀ ਹੈ ਅਤੇ ਇਹ ਚੀਜ਼ਾ ਸਾਡੇ ਸਾਹਮਣੇ ਮੌਜੂਦ ਹਨ । ਸੋ, ਕਿਸੇ ਲਈ ਕੋਈ ਉਜ਼ਰ ਜਾਂ ਬਹਾਨਾ ਨਹੀਂ ਹੈ । ਪੁਰਾਣੇ ਅਹਮਦੀਆਂ ਨੂੰ ਵੀ ਮੈਂ ਇਹ ਕਹਾਂਗਾ ਕਿ ਆਪ ਦੇ ਨਮੂਨੇ ਦੇਖਕੇ ਜੇਕਰ ਕਿਸੇ ਨੂੰ ਠੋਕਰ ਲਗੱਦੀ ਹੈ ਤਾਂ ਆਪ ਵੀ ਇਸ ਗ਼ਲਤੀ ਅਤੇ ਗੁਨਾਹ ਵਿੱਚ ਭਾਗੀਦਾਰ ਅਵਸ਼ ਬਣਦੇ ਹਨ । ਸੋ, ਪੁਰਾਣੇ ਅਹਮਦੀ ਜਿੰਨ੍ਹਾ ਉਪੱਰ ਰੱਬ ਦੀ ਮਿਹਰ ਹੈ ਕਿ ਉਹਨਾਂ ਦੇ ਬਾਪ ਦਾਦੇ ਅਹਮਦੀ ਹੋਏ ਜਾਂ ਉਹਨਾਂ ਨੂੰ ਬਚਪੁਨੇ ਵਿੱਚ ਹੀ ਅਹਮਦੀਅਤ ਮਿਲ ਗਈ ਅਤੇ ਰੱਬ ਦੀ ਮਿਹਰ ਤੇ ਉਪਕਾਰ ਕਰਕੇ ਏਥੇ ਆਣਕੇ ਉਹਨਾਂ ਨੂੰ ਚੰਗੇ ਮੌਕੇ ਉਪਲਭਦ ਹੋਏ, ਉਹਨਾਂ ਨੂੰ ਨਹੀਂ ਭੁਲਣਾ ਚਾਹੀਦਾ ਕਿ ਉਹ ਜਮਾਤ ਦੇ ਉਪਕਾਰ ਹੇਠ ਹਨ ਅਤੇ ਇਸ ਉਪਕਾਰ ਦੇ ਸ਼ੁਕਰਾਨੇ ਵੱਜੋਂ ਉਹਨਾਂ ਨੂੰ ਆਪਣੀਆਂ ਹਾਲਤਾਂ ਵਿੱਚ ਗ਼ੈਰਮਮੂਲੀ ਪਾਕ ਪਰਿਵਰਤਨ ਪੈਦਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਆਪਣੀਆਂ ਸੰਤਾਨਾ ਨੂੰ ਵੀ ਜਮਾਤ ਵਿੱਚ ਸ਼ਾਮਲ ਹੋਣ ਦੇ ਸਬਬ ਇਸ ਉਪਕਾਰ ਬੇਰੇ ਦਸਦੇ ਰਹਿਣਾ ਚਾਹੀਦਾ ਹੈ । ਇਸ ਪ੍ਰਕਾਰ ਹਰ ਅਹਮਦੀ ਦਾ ਕਰਤਵ ਹੈ ਕਿ ਜੱਦ ਉਹ ਆਪਣੇ ਆਪ ਨੂੰ ਅਹਮਦੀਅਤ ਵੱਲ ਮੜ੍ਹੇ ਤਾਂ ਹਮੇਸ਼ਾ ਜਮਾਤ ਦੀ ਵਿਵਸਥਾ ਨਾਲ ਮਜ਼ਬੂਤ ਸੰਬੰਧ ਬਣਾਈ ਰੱਖੇ ਅਤੇ ਖ਼ਿਲਾਫ਼ਤੇ ਅਹਮਦੀਆ ਨਾਲ ਵਫ਼ਦਾਰੀ ਅਤੇ ਆਗਿਆਕਾਰੀ ਦਾ ਸੰਬੰਧ ਰਖੱਣਾ ਉਸ ਦਾ ਕਰਤਵ ਹੈ ਕਿਉਂਕਿ ਬੈਅਤ ਕਰਦੇ ਸਮੇਂ ਇਹੋ ਪ੍ਰਣ ਕੀਤਾ ਸੀ । ਰੱਬ ਦੀ ਮਿਹਰ ਹੈ ਕਿ ਨਵੇਂ ਸ਼ਾਮਲ ਹੋਣ ਵਾਲੇ ਵਿਸ਼ੇਸ਼ ਰੂਪ ਵਿੱਚ ਜਿੰਨ੍ਹਾ ਨੇ ਪੂਰੇ ਵਿਸ਼ਵਾਸ ਨਾਲ ਅਪਣੀ ਵਿਚਾਰ ਸਮਰਥਾ ਅਨੁਸਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਨੂੰ ਸਮਝ ਕੇ ਕੁਬੂਲ ਕੀਤਾ ਹੈ ਉਹ ਆਪਣੇ ਬੈਅਤ ਦੇ ਪ੍ਰਣ ਅਤੇ ਉਸ ਦੀਆਂ ਸ਼ਰਤਾਂ ਉਪੱਰ ਗ਼ੌਰ ਵੀ ਕਰਦੇ ਰਹਿੰਦੇ ਹਨ ਅਨੇਕਾਂ ਹੀ ਲੋਕ ਮੈਂਨੂੰ ਪਤੱਰ ਵੀ ਲਿਖੱਦੇ ਰਹਿੰਦੇ ਹਨ, ਪਰ ਅਨੇਕਾਂ ਹੀ ਉਹ ਜੋ ਜਨਮ ਤੋਂ ਅਹਮਦੀ ਹਨ ਜਾਂ ਜਿੰਨ੍ਹਾ ਦੇ ਮਾਂਪਿਆਂ ਨੇ ਬਚਪੁਨੇ ਵਿੱਚ ਅਹਮਦੀਅਤ ਕੁਬੂਲ ਕੀਤੀ ਅਤੇ ਜੋ ਸੰਸਾਰਕ ਧੰਧਿਆਂ ਵਿੱਚ ਬਹੁਤੇ ਲੱਗ ਗਏ ਹਨ ਏਥੇ ਆਣਕੇ । ਉਹ ਸਾਧਾਰਣਤਾ ਨ ਹੀ ਬੈਅਤ ਦੀਆਂ ਸ਼ਰਤਾਂ ਉਪੱਰ ਗ਼ੌਰ ਕਰਦੇ ਹਨ, ਨ ਬੈਅਤ ਦੇ ਪ੍ਰਣ ਨੂੰ ਸਮਝਦੇ ਹਨ, ਨ ਅਹਮਦੀਅਤ ਦੇ ਸਬਬ ਰੱਬ ਦੇ ਉਪਕਾਰਾਂ ਨੂੰ ਚੇਤੇ ਰੱਖਦੇ ਹਨ ਭਾਵੇਂ ਇਸ ਦੇ ਕਿ ਹੁਣ ਤਾਂ ਹਰ ਥਾਂ ਐਮ.ਟੀ.ਏ. ਰਾਹੀਂ ਬੈਅਤ ਦੀ ਕਾਰਵਾਈ ਵੀ ਦੇਖੀ ਜਾਂਦੀ ਹੈ ਅਤੇ ਸੁਣੀ ਜਾਂਦੀ ਹੈ । ਇਸ ਵੱਲ ਧਿਆਨ ਦੇਕੇ ਬੈਅਤ ਨੂੰ, ਬੈਅਤ ਦੀ ਵਾਸਤਵਿਕਤਾ ਨੂੰ ਜਾਨਣ ਅਤੇ ਉਸ ਉਪੱਰ ਅਮਲ ਕਰਨ ਦਾ ਜਤਨ ਕਰਨ, ਨਹੀਂ ਕਰਦੇ । ਇਸੇ ਪ੍ਰਕਾਰ ਖ਼ਿਲਾਫ਼ਤ ਨਾਲ ਆਪਣੇ ਸੰਬੰਧ ਨੂੰ ਇਸ ਪ੍ਰਕਾਰ ਜੋੜਨ ਦਾ ਜਤਨ ਨਹੀਂ ਕਰਦੇ ਜੋ ਉਸ ਦਾ ਹੱਕ ਹੈ ।

ਸੋ, ਜਦੱ ਹਰ ਕੋਈ ਆਪਣੀ ਪੜਤਾਲ ਕਰੇਗਾ ਤਾਂ ਆਪਣੇ ਆਪ ਉਸ ਨੂੰ ਪਤਾ ਲੱਗ ਜਾਏਗਾ ਕਿ ਉਹ ਕਿੱਥੇ ਖੜ੍ਹਾ ਹੈ । ਇਸ ਸਮੇਂ ਮੈਂ ਇਸ ਪੜਤਾਲ ਲਈ ਕੇਵਲ ਬੈਅਤ ਦੀ ਇਕ ਸ਼ਰਤ ਸਾਹਮਣੇ ਰਖੱਦਾ ਹਾਂ । ਇਸ ਨੂੰ ਓਪਰੀ ਦ੍ਰਿਸ਼ਟੀ ਨਾਲ ਨ ਦੇਖੋ ਸਗੋਂ ਗ਼ੌਰ ਕਰੋ ਅਤੇ ਫਿਰ ਆਪਣੀ ਪੜਤਾਲ ਕਰੋ ਜੇਕਰ ਇਸ ਪੜਤਾਲ ਦਾ ਉਤੱਰ ਹਾਂ ਵਿੱਚ ਹੈ ਤਾਂ ਖ਼ੁਸ਼ਕਿਸਮਤ ਹਨ ਉਹ, ਅਤੇ ਅਲੱਾਹ ਤਅਲਾ ਦੀਆਂ ਮਿਹਰਾਂ ਨੂੰ ਇਕਤੱਰ ਕਰਨ ਵਾਲੇ ਹਨ ਅਜਿਹੇ ਲੋਕ । ਜੇਕਰ ਕਮਜ਼ੋਰੀ ਹੈ ਤਾਂ ਸੁਧਾਰ ਦਾ ਜਤਨ ਕਰਨ । ਬੈਅਤ ਦੀ ਦਸਵੀਂ ਸ਼ਰਤ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਉਂ ਫ਼ਰਮਾਇਆ ਹੈ ਕਿ ''ਇਹ ਕਿ ਇਸ ਨਿਮਾਣੇ ਨਾਲ ਪ੍ਰੇਮਬੰਧਨ ਦਾ ਪ੍ਰਣ ਕੇਵਲ ਰੱਬ ਖ਼ਾਤਰ ਪਹਿਲ ਦੇ ਅਧਾਰ'ਤੇ ਆਗਿਆਕਾਰੀ ਦਾ ਪ੍ਰਣ ਬੰਨ੍ਹਕੇ ਉਸ'ਤੇ ਮੌਤ ਤੱਕ ਕਾਇਮ ਰਹੇਗਾ ਅਤੇ ਇਸ ਭਾਈਚਾਰਕ ਬੰਧਨ ਵਿੱਚ ਅਜਿਹਾ ਉਤੱਮ

ਦਰਜੇ ਦਾ ਹੋਵੇਗਾ ਕਿ ਇਸ ਦੀ ਉਧਾਰਣ ਸੰਸਾਰਕ ਰਿਸ਼ਤਿਆਂ, ਸੰਬੰਧਾਂ ਤੇ ਸਾਰੀਆਂ ਸਵੈ ਸੇਵੀ ਅਵਸਥਾਵਾਂ ਵਿੱਚ ਨ ਪਾਈ ਜਾਂਦੀ ਹੋਵੇ ।"

ਸੋ, ਇਹ ਉਹ ਸ਼ਬਦ ਹਨ ਜੋ ਸਾਨੂੰ ਆਪ ਅਲੈਹਿ ਸਲਾਮ ਨਾਲ ਨਿਸ਼ਕਾਮ ਤੇ ਅਥਾਹ ਪ੍ਰੇਮ ਅਤੇ ਸੰਬੰਧ ਕਾਇਮ ਕਰਨ ਦੀ ਜ਼ਿੰਮੇਦਾਰੀ ਪਾ ਰਹੇ ਹਨ । ਆਪ ਸਾਡੇ ਕੋਲੋਂ ਪ੍ਰਣ ਲੈ ਰਹੇ ਹਨ, ਕੀ ਪ੍ਰਣ ਲੈ ਰਹੇ ਹਨ ? ਕਿ ਰੱਬ ਖ਼ਾਤਰ ਮੇਰੇ ਨਾਲ ਪ੍ਰੇਮ ਸੰਬੰਧ ਅਤੇ ਭਾਈਚਾਰੇ ਦੇ ਉਚੱਤਮ ਮਿਆਰ ਨੂੰ ਕਾਇਮ ਕਰੋ । ਇਹ ਪ੍ਰਣ ਲੈ ਰਹੇ ਹਨ ਕਿ ਇਹ ਇਕਰਾਰ ਕਰੋ ਕਿ ਆਪ ਦੇ ਹਰ ਅਗਲ਼ੀ ਫ਼ੈਸਲੇ ਨੂੰ ਮੰਨਾਗਾ ਅਰਥਾਤ ਹਰ ਉਹ ਗੱਲ ਜਿਸ ਲਈ ਰੱਬ ਨੇ ਆਪ ਨੂੰ ਨਿਰਧਾਰਤ ਕੀਤਾ । ਹਰ ਉਹ ਗੱਲ ਜਿਸ ਦੀ ਇਸਲਾਮ ਦੀ ਸਿੱਖਿਆ ਦੇ ਚਾਨ੍ਹਣੇ ਵਿੱਚ ਆਪ ਸਾਨੂੰ ਹਿਦਾਇਤ ਫ਼ਰਮਾਉਣਗੇ ਅਤੇ ਕੇਵਲ ਉਸ ਦਾ ਮਨ੍ਹਣਾ ਹੀ ਨਹੀਂ ਹੈ ਸਗੋਂ ਕਾਮਲ ਆਗਿਆਕਾਰੀ ਹੀ ਨਹੀਂ ਹੈ ਸਗੋਂ ਮਰਦੇ ਦਮ ਤੱਕ ਉਸ ਉਪੱਰ ਕਾਇਮ ਰਹਿਣ ਦਾ ਜਤਨ ਕਰਾਂਗਾ ਅਤੇ ਅਮਲ ਕਰਾਂਗਾ ਅਤੇ ਇਹ ਪ੍ਰਣ ਵੀ ਕਿ ਜੋ ਸੰਬੰਧ ਤੇ ਪ੍ਰੇਮ ਦਾ ਰਿਸ਼ਤਾ ਕਾਇਮ ਹੋਵੇਗਾ ਉਸ ਦੇ ਮਿਆਰ ਜਾਂ ਉਸਦਾ ਮਿਆਰ ਅਜਿਹਾ ਉਚੱਤਮ ਹੋਵੇਗਾ ਕਿ ਜਿਸ ਦੀ ਉਧਾਰਣ ਸੰਸਾਰਕ ਰਿਸ਼ਤਿਆ ਅਤੇ ਸੰਬੰਧਾਂ ਵਿੱਚ ਨਹੀਂ ਮਿਲਦੀ ਹੋਵੇਗੀ । ਨ ਹੀ ਇਸ ਸੰਬੰਧ ਦੀ ਉਧਾਰਣ ਇਸ ਅਵਸਥਾ ਵਿੱਚ ਮਿਲਦੀ ਹੋਵੇਗੀ ਜੱਦ ਮਨੁੱਖ ਕਿਸੇ ਨਾਲ ਵਫ਼ਾਦਾਰੀ ਕਰਕੇ ਨਿਰੋਲ ਹੋਕੇ ਸੰਬੰਧ ਰੱਖਦਾ ਹੈ । ਨ ਉਸ ਦੀ ਉਧਾਰਣ ਇਸ ਅਵਸਥਾ ਵਿੱਚ ਮਿਲੇ ਜੱਦ ਮਨੁੱਖ ਕਿਸੇ ਉਪਕਾਰਾਂ ਹੇਠ ਹੋਕੇ ਆਪਣੇ ਆਪ ਨੂੰ ਉਸ ਦੇ ਹੱਥ ਵਿੱਚ ਦੇ ਦਿੰਦਾ ਹੈ । ਸੋ, ਇਹ ਪ੍ਰਣ ਹੈ ਕਿ ਇਸ ਸੰਸਾਰ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਬਾਦ ਉਤੱਮ ਦਰਜੇ ਦਾ ਪ੍ਰੇਮ ਜੇਕਰ ਕਿਸੇ ਦਾ ਹੋ ਸਕਦਾ ਹੈ ਤਾਂ ਉਹ ਆਪ ਦੇ ਸੱਚੇ ਗ਼ੁਲਾਮ ਵਿੱਚੋਂ ਹੋਵੇ । ਸੋ, ਇਹ ਮਿਆਰ ਹਨ ਜੋ ਸਾਨੂੰ ਕਾਇਮ ਕਰਨ ਦੇ ਜਤਨ ਕਰਨੇ ਚਾਹੀਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦੇ ਬਾਦ ਆਪ ਨਾਲ ਸੰਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਹ ਹਰ ਕੋਈ ਇਹਨਾਂ ਗੱਲਾਂ ਦੇ ਚਾਨ੍ਹਣੇ ਵਿੱਚ ਆਪਣੀ ਪੜਤਾਲ ਆਪ ਕਰ ਸਕਦਾ ਹੈ । ਕੀ ਸਾਡੇ ਇਹ ਮਿਆਰ ਹਨ ਜਾਂ ਜੱਦ ਸੰਸਾਰਕ ਮਾਮਲੇ ਸਾਡੇ ਸਾਹਮਣੇ ਹੋਣ, ਸੰਸਾਰਕ ਕਾਰਜ ਸਾਡੇ ਸਾਹਮਣੇ ਹੋਣ ਤੇ ਸੰਸਾਰਕ ਲਾਭ ਸਾਡੇ ਸਾਹਮਣੇ ਹੋਣ ਤਾਂ ਅਸੀਂ ਉਸ ਸਮੇਂ ਇਹ ਗੱਲਾਂ ਭੁੱਲ ਜਾਂਦੇ ਹਾਂ ਕਿ ਸੰਸਾਰਕ ਸੰਬੰਧ ਅਤੇ ਸੰਸਾਰਕ ਮੰਤਵ ਇਸ ਪ੍ਰੇਮ ਸੰਬੰਧ ਅਤੇ ਆਗਿਆਕਾਰੀ ਉਪੱਰ ਹਾਵੀ ਹੋ ਜਾਂਦੇ ਹਨ । ਜੇਕਰ ਧਰਮ ਦਾ ਸਹੀ ਗਿਆਨ ਹੋਵੇ ਤਾਂ ਹੀ ਧਰਮ ਦੇ ਕਾਰਜ ਮਨੁੱਖ ਪ੍ਰੇਮ, ਈਮਾਨਦਾਰੀ ਤੇ ਸਦਭਾਵਨਾ ਨਾਲ ਕਰੇਗਾ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਡੇ ਕੋਲੋਂ ਇਹ ਆਸ ਰੱਖੀ ਹੈ ਕਿ ਆਪ ਦੀ ਬੈਅਤ ਵਿੱਚ ਦਾਖਲ ਹੋਕੇ ਇਸ ਭਾਵਨਾ ਨੂੰ ਵਧਾਓ । ਜੱਦ ਤੱਕ ਇਹ ਈਮਾਨਦਾਰੀ, ਆਗਿਆਕਾਰੀ ਤੇ ਸਦਭਾਵਨਾ ਦਾ ਭਾਵਨਾ ਅਤੇ ਸੰਬੰਧ ਨਹੀਂ ਪੈਦਾ ਹੋਵੇਗਾ, ਜੋ ਉਪਦੇਸ਼ ਕੀਤੇ ਜਾਂਦੇ ਹਨ ਓਹਨਾਂ ਦਾ ਪ੍ਰਭਾਵ ਵੀ ਨਹੀਂ ਹੋਵੇਗਾ । ਇਹਨਾ'ਤੇ ਅਮਲ ਕਰਨ ਦਾ ਜਤਨ ਵੀ ਨਹੀਂ ਹੋਵੇਗਾ । ਸੋ, ਜੇਕਰ ਉਪਦੇਸ਼ਾਂ ਉਪੱਰ ਅਮਲ ਕਰਨਾ ਹੈ ਆਪ ਦੀਆਂ ਗੱਲਾਂ ਨੂੰ ਮਨ੍ਹਣਾ ਹੈ ਆਪਣੇ ਕੀਤੇ ਬੈਅਤ ਦੇ ਪ੍ਰਣ ਨੂੰ ਨਿਭਾਉਣਾ ਹੈ ਤਾਂ ਆਪਣੇ ਅਗਿਆਕਾਰੀ, ਈਮਾਨਦਾਰੀ ਤੇ ਸਦਭਾਵਨਾ ਦੇ ਪਧੱਰ ਨੂੰ ਵੀ ਵਧਾਉਂਣਾ ਜਰੂਰੀ ਹੈ । ਹਰ ਅਹਮਦੀ ਨੂੰ ਸਮਝਣਾ ਚਾਹੀਦਾ ਹੈ ਕਿ ਚੰਗੀ ਆਗਿਆਕਾਰੀ ਦਾ ਅਰਥ ਹੈ ਪ੍ਰੇਮ ਤੇ ਸਦਾਚਾਰੀ ਨੂੰ ਅਖੀਰ ਤੱਕ ਪਹੁੰਚਾਕੇ ਕਾਮਲ ਆਗਿਆਕਾਰੀ ਕਰਨਾ ਅਤੇ ਕਾਮਲ ਆਗਿਆਕਾਰੀ ਕੇਵਲ ਇਸ ਅਵਸਥਾ ਵਿੱਚ ਹੋ ਸਕਦੀ ਹੈ ਕਿ ਜੱਦ ਜਿਸਦੀ ਆਗਿਆਕਾਰੀ ਕੀਤੀ ਜਾ ਰਹੀ ਹੈ, ਉਸ ਦੇ ਹਰ ਆਦੇਸ਼ ਦੀ ਖੋਜ ਤੇ ਲਗਨ ਵੀ ਹੋਵੇ । ਸੋ, ਸਾਡਾ ਕਰਤਵ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਸਾਡੇ ਕੋਲੋਂ ਆਸ ਰੱਖੀ ਹੈ ਜੋ ਆਦੇਸ਼ ਦਿੱਤੇ ਹਨ, ਉਹਨਾਂ ਦੀ ਭਾਲ ਕਰੀਏ ਅਤੇ ਉਹਨਾਂ'ਤੇ ਅਮਲ ਕਰਨ ਦਾ ਜਤਨ ਕਰੀਏ, ਨਹੀਂ ਤਾਂ ਕੇਵਲ ਦਾਵਾ ਹੋਵੇਗਾ ਕਿ ਅਸੀਂ ਹਰ ਗੱਲ ਮੰਨ੍ਹਦੇ ਹਾਂ । ਗੱਲਾਂ ਦਾ ਸਾਨੂੰ ਪਤਾ ਹੀ ਨਹੀਂ ਕਿ ਕੀ ਹਨ ? ਕਿਸ ਨੂੰ ਮਾਨਿਆਂ ਜਾਂਦਾ ਹੈ । ਸੋ, ਅਹਮਦੀ ਹੋਣ ਦੇ ਨਾਲ ਇਹ ਸ਼ਰਤ ਹੈ ਕਿ ਆਪਣੇ ਗਿਆਨ ਵਿੱਚ ਵਾਧਾ ਕੀਤਾ ਜਾਵੇ । ਰੱਬ ਖ਼ਾਤਰ ਜਿਸ ਨਾਲ

ਸੰਬੰਧ ਕਾਇਮ ਕੀਤੇ ਹਨ ਉਸ ਨੂੰ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਵਧਾਇਆ ਜਾਵੇ ਅਤੇ ਨਿਰੋਲ ਹੋਕੇ ਆਪਣੇ ਜੀਵਨ ਨੂੰ ਉਸ ਅਨੁਕੂਲ ਢਾਲਿਆ ਜਾਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਨੂੰ ਜੋ ਨਸੀਹਤਾਂ ਕੀਤੀਆਂ ਹਨ ਜਮਾਤ ਦੇ ਮੈਂਬਰਾਂ ਤੋਂ ਲੋਕਾਂ ਤੋਂ ਜੋ ਆਸ਼ਾਵਾਂ ਰੱਖੀਆਂ ਹਨ ਉਹ ਆਪ ਦੀਆਂ ਵੱਖ ਵੱਖ ਕਿਤਾਬਾਂ ਅਤੇ ਆਦੇਸ਼ਾਂ ਵਿੱਚ ਵਿਦਮਾਨ ਹਨ । ਇਸ ਸਮੇਂ ਮੈਂ ਕੇਵਲ ਕੁਝ ਇਕ ਆਪ ਦੇ ਸਾਹਮਣੇ ਰੱਖਦਾ ਹਾਂ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਸਾਡੀ ਜਮਾਤ ਨੂੰ ਅਜਿਹਾ ਹੋਣਾ ਚਾਹੀਦਾ ਹੈ ਕਿ ਕੇਵਲ ਸ਼ਬਦਾਂ ਉਪੱਰ ਨ ਰਹਿਣ (ਕੇਵਲ ਦਿਖਾਵੇ ਉਪੱਰ ਨ ਰਹਿਣ ਕੇਵਲ ਗੱਲਾਂ ਹੀ ਨ ਹੋਣ) ਸਗੋਂ ਬੈਅਤ ਦੇ ਸੱਚੇ ਮੰਤਵ ਨੂੰ ਪੂਰਾ ਕਰਨ ਵਾਲੀ ਹੋਵੇ । (ਸਚੱਾ ਮੰਤਵ ਕੀ ਹੈ ਫ਼ਰਮਾਇਆ) ਅੰਦਰੂਨੀ ਤਬਦੀਲੀ ਕਰਨੀ ਚਾਹੀਦੀ ਹੈ । ਕੇਵਲ ਸਮੱਸਿਆਵਾਂ ਤੋਂ ਤੁਸੀਂ ਰੱਬ ਨੂੰ ਖ਼ੁੱਸ਼ ਨਹੀਂ ਕਰ ਸਕਦੇ । ਜੇਕਰ ਅੰਦਰੂਨੀ ਤਬਦੀਲੀ ਨਹੀਂ ਤਾਂ ਤੁਹਾਡੇ ਵਿੱਚ ਅਤੇ ਤੁਹਾਡੇ ਹੋਰਨਾ ਵਿੱਚ ਕੁਝ ਵੀ ਅੰਤਰ ਨਹੀਂ । ਆਪ ਨੇ ਫ਼ਰਮਾਇਆ ਕਿ ਹਰ ਇਕ ਨੂੰ ਚਾਹੀਦਾ ਹੈ ਕਿ ਆਪਣੇ ਭਾਰ ਨੂੰ ਚੁੱਕੀ ਆਪਣੇ ਪ੍ਰਣ ਨੂੰ ਪੂਰਾ ਕਰੇ ।

ਕੇਵਲ ਆਸਥਾ ਦੇ ਪੱਖੋਂ ਆਪਣੇ ਆਪ ਨੂੰ ਠੀਕ ਕਰ ਲੈਣਾ, ਹਜ਼ਰਤ ਮਸੀਹ ਮੌਓਦ ਅਲੈਹਿ ਸਲਾਮ ਦੀ ਸਚੱਾਈ ਨੂੰ ਮੰਨ੍ਹ ਲੈਣਾ, ਸਮੱਸਿਆਵਾਂ ਤੇ ਬਹਿਸਾਂ ਵਿੱਚ ਦੂਜਿਆਂ ਦਾ ਮੂੰਹ ਬੰਦ ਕਰ ਦੇਣਾ ਕੋਈ ਮਹੱਤਾ ਨਹੀਂ ਰੱਖਦਾ ਜੇਕਰ ਅਮਲੀ ਤੌਰ'ਤੇ ਤਬਦੀਲੀ ਨਹੀਂ ਹੈ, ਜੇਕਰ ਅਮਲ ਰੂਪੀ ਅਵਸਥਾ ਵਿੱਚ ਸੁਧਾਰ ਨਹੀਂ ਹੋ ਰਿਹਾ ਹੈ । ਆਪ ਨੇ ਫ਼ਰਮਾਇਆ ਕਿ ਆਪਣੇ ਆਪੇ ਦੀ ਤਬਦੀਲੀ ਲਈ ਜਤਨ ਕਰੋ ਨਮਾਜ਼ਾਂ ਵਿੱਚ ਦੁਆਵਾਂ ਮੰਗੋ । ਸਦਕਿਆਂ ਖ਼ੈਰਾਤਾਂ ਰਾਹੀਂ ਅਤੇ ਹੋਰਨਾ ਹਰ ਪ੍ਰਕਾਰ ਦੇ ਹਮਲਿਆਂ ਤੋਂ 'ਵਲੱਜ਼ੀਨਾ ਜਾਹਾਦੂ ਫ਼ੀਨਾ' (وَالَّذِيْنَ جَاهَدُوْا فِيْنَا) ਵਿੱਚ ਵਿੱਚ ਸ਼ਾਮਲ ਹੋ ਜਾਓ । ''ਵਲੱਜ਼ੀਨਾ ਜਾਹਾਦੂ ਫ਼ੀਨਾ'' (وَالَّذِيْنَ جَاهَدُوْا فِيْنَا) ਕੀ ਹੈ ਅਰਥਾਤ ਰੱਬ ਫ਼ਰਮਾਉਂਦਾ ਹੈ ਕਿ ਜੋ ਲੋਕ ਸਾਡੇ ਮਾਰਗ ਵਿੱਚ ਜਤਨ ਕਰਦੇ ਹਨ, ਉਹਨਾਂ ਨੂੰ ਕੀ ਹੁੰਦਾ ਹੈ 'ਲ ਨਹਦੀਯਨੱਾਹੁਮ ਸੁਬੁਲਨਾ' (لَنَهْدِيَنَّهُمْ سُبُلَنَا) ਕਿ ਅਸੀਂ ਨਿਸ਼ਚੇ ਹੀ ਉਸ ਨੂੰ ਆਪਣੇ ਮਾਰਗ ਵੱਲ ਸੁਮਾਰਗ ਬਖ਼ਸ਼ਾਂਗੇ ।

ਇਸ ਦਾ ਹੋਰ ਵੀ ਵਿਸਥਾਰ ਇਕ ਹੋਰ ਥਾਂ ਫ਼ਰਮਾਇਆ ਕਿ ਭਲਾ ਇਹ ਕਿਵੇਂ ਹੋ ਸਕਦਾ ਹੈ ਕਿ ਜੋ ਮਨੁੱਖ ਅਤਿਅੰਤ ਲਾਪਰਵਾਹੀ ਨਾਲ ਸੁਸਤੀ ਕਰ ਰਿਹਾ ਹੈ, ਉਹ ਉਸੇ ਪ੍ਰਕਾਰ ਰੱਬ ਦੇ ਫ਼ੈਜ਼ ਤੋਂ ਲਾਭਵੰਤ ਹੋ ਜਾਵੇ ਜਿਵੇਂ ਉਹ ਮਨੁੱਖ ਜੋ ਕਿ ਸਾਰੀ ਸੁਝ ਬੂਝ, ਸਾਰੀ ਸ਼ਕਤੀ ਤੇ ਪੂਰਨ ਸਦਭਾਵਨਾ ਨਾਲ ਉਸ ਨੂੰ ਢੂੰਡਦਾ ਹੈ ।

ਸੋ, ਜੱਦ ਆਪ ਸਾਨੂੰ ਇਹ ਫ਼ਰਮਾਉਂਦੇ ਹਨ ਕਿ ਮੇਰੀ ਮੰਨੋਂ ਅਤੇ ਮੇਰੇ ਪਿੱਛੇ ਚੱਲੋ ਅਤੇ ਮੈਂਥੋਂ ਆਗਿਆਕਾਰੀ ਦਾ ਸੰਬੰਧ ਰੱਖੋ, ਇਸ ਲਈ ਕਿ ਰੱਬ ਨੂੰ ਢੂੰਡਣ ਦੇ ਮਾਰਗ ਸਾਨੂੰ ਦਿਖਾਈ ਦੇਣ । ਸਾਨੂੰ ਦੱਸੋ ਕਿ ਤੁਸੀਂ ਰੱਬ ਨੂੰ ਕਿਵੇਂ ਢੂੰਡ ਸਕਦੇ ਹੋ ਅਤੇ ਰੱਬ ਦੇ ਫ਼ੈਜ਼ ਨੂੰ ਪਾਉਣ ਦੇ ਭਾਗੀਦਾਰ ਬਨਾਉਣ । ਆਪਣੀਆਂ ਨਮਾਜ਼ਾਂ ਨੂੰ ਸਮੇਂ ਸਿਰ ਅਤੇ ਸਹੀ ਤਰੀਕੇ ਨਾਲ ਪੂਰਾ ਕਰਨ ਵਾਲੇ ਬਣੋ । ਅਲੱਾਹ ਦੇ ਪਿਆਰ ਨੂੰ ਸਮੋਹਣ ਲਈ ਸਦਕੇ ਖ਼ੈਰਾਤ ਵੱਲ ਵੀ ਧਿਆਨ ਦਿਓ । ਭਾਵ ਇਹ ਕਿ ਆਪ ਨਾਲ ਸੰਬੰਧ ਅਤੇ ਆਗਿਆਕਾਰੀ ਦਾ ਸੰਬੰਧ ਸਾਨੂੰ ਰੱਬ ਨਾਲ ਸੰਬੰਧ ਵਿੱਚ ਵਧਾ ਰਿਹਾ ਹੈ ।

ਫਿਰ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਖ਼ਿਲਾਫ਼ਤ ਦੀ ਵਿਵਸਥਾ ਨੂੰ ਸਾਡੇ ਵਿੱਚ ਕਾਇਮ ਕੀਤਾ ਅਤੇ ਖ਼ਿਲਾਫ਼ਤ ਦੀ ਵਿਵਸਥਾ ਨੇ ਵੀ ਇਸੇ ਕੰਮ ਨੂੰ ਅੱਗੇ ਵਧਾਉਂਣਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੁਪੁਰਦ ਰੱਬ ਨੇ ਕੀਤਾ ਸੀ । ਇਸ ਹਵਾਲੇ ਨਾਲ ਖ਼ਿਲਾਫ਼ਤ ਨਾਲ ਵੀ ਇਮਾਨਦਾਰੀ ਤੇ ਅਗਿਆਕਾਰੀ ਦਾ ਸੰਬੰਧ ਨੂੰ ਜੋੜ ਕੇ ਅਸੀਂ ਆਪਣੀ ਮੰਜ਼ਿਲ ਵੱਲ ਸਫ਼ਰ ਜਾਰੀ ਰੱਖ ਸਕਦੇ ਹਾਂ । ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ । ਸੱਚੇ ਮੁਸਲਮਾਨ ਦਾ ਨਮੂਨਾ ਬਨਣਾ ਅਤੇ ਇਸਲਾਮ ਦੇ ਸੰਦੇਸ਼ ਨੂੰ ਦੁਨੀਆ ਵਿੱਚ ਫੈਲਾਉਂਣਾ ਹੈ । ਸਮੇਂ ਦੇ ਖ਼ਲੀਫ਼ਾ ਦੇ ਹੱਥ ਵਿੱਚ ਵੀ ਹਰ ਅਹਮਦੀ ਬੈਅਤ ਦਾ ਪ੍ਰਣ ਕਰਦਾ ਹੈ, ਸੋ, ਇਸ ਪ੍ਰਣ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੈ ਅਤੇ

ਇਸ ਲਈ ਖ਼ਿਲਾਫ਼ਤ ਵੱਲੋਂ ਜੋ ਹਿਦਾਇਤਾਂ ਆਉਂਦੀਆਂ ਹਨ ਜੋ ਨਸੀਹਤਾਂ ਕੀਤੀਆਂ ਜਾਂਦੀਆਂ ਹਨ ਜੋ ਪ੍ਰੋਗਰਾਮ ਦਿੱਤੇ ਜਾਂਦੇ ਹਨ, ਉਹਨਾਂ ਉਪੱਰ ਅਮਲ ਕਰਕੇ ਹੀ ਇਸ ਪ੍ਰਣ ਨੂੰ ਪੂਰਾ ਕੀਤਾ ਜਾ ਸਕਦਾ ਹੈ ।

ਬੈਅਤ ਸਮੇਂ ਹਰ ਅਹਮਦੀ ਇਹ ਪ੍ਰਣ ਕਰਦਾ ਹੈ ਕਿ ਇਹਨਾਂ ਸ਼ਰਤਾਂ ਦੀ ਪਾਬੰਧੀ ਕਰੇਗਾ ਜੋ ਬੈਅਤ ਦੀਆਂ ਸ਼ਰਤਾਂ ਹਨ ਅਤੇ ਸਮੇਂ ਦੇ ਖ਼ਲੀਫ਼ਾ ਜੋ ਵੀ ਅਨੁਕੂਲ ਫ਼ੈਸਲਾ ਕਰਨਗੇ ਉਸ ਦੀ ਪਾਬੰਦੀ ਕਰੇਗਾ । ਸਮੇਂ ਦੇ ਖ਼ਲੀਫ਼ਾ ਦਾ ਕੰਮ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੰਮ ਅਤੇ ਆਪ ਦੀਆਂ ਨਸੀਹਤਾਂ ਨੂੰ ਅੱਗੇ ਫ਼ਲਾਉਣਾ ਹੈ । ਇਸਲਾਮ ਦੇ ਸੰਦੇਸ਼ ਨੂੰ ਦੁਨੀਆਂ ਦੀਆਂ ਨੁਕਰਾਂ ਤੱਕ ਫੈਲਾਉਂਣਾ ਹੈ । ਸੋ, ਜੱਦ ਹਰ ਅਹਮਦੀ ਇਸ ਸੋਚ ਅਨੁਸਾਰ ਆਪਣੇ ਆਪ ਨੂੰ ਬਣਾਏਗਾ ਫਿਰ ਹੀ ਵਾਸਤਵਿਕ ਅਗਿਆਕਾਰੀ ਦੇ ਮਿਆਰ ਕਾਇਮ ਹੋਣਗੇ । ਫਿਰ ਹੀ ਜਮਾਤ ਦੀ ਏਕਤਾ ਕਾਇਮ ਹੋਵੇਗੀ ਫਿਰ ਹੀ ਪ੍ਰਚਾਰ ਦੇ ਖੇਤਰ ਖੁਲੱਣਗੇ । ਜੇਕਰ ਹਰ ਕੋਈ ਇਹ ਕਹਿਕੇ ਕਿ ਮੈਂਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਪ੍ਰੇਮ ਸੰਬੰਧ ਤੇ ਆਸਥਾ ਹੈ ਅਤੇ ਮੈਂ ਆਪ ਦੀ ਪੈਰ੍ਹਵੀ ਕਰਦਾ ਹਾਂ ਆਪਣੇ ਆਪਣੇ ਮਾਰਗ ਨਿਰਧਾਰਤ ਕਰਨ ਲੱਗੇ ਤਾਂ ਵੀ ਤਰੱਕੀ ਨਹੀਂ ਹੋ ਸਕਦੀ । ਜਮਾਤ ਅਹਮਦੀਆ ਦੀ ਖ਼ੂਬਸੂਰਤੀ ਇਸੇ ਵਿੱਚ ਹੈ ਕਿ ਇਸ ਵਿੱਚ ਖ਼ਿਲਾਫ਼ਤ ਦੀ ਵਿਵਸਥਾ ਕਾਇਮ ਹੈ । ਅਤੇ ਜੋ ਸੰਬੰਧ ਹਰ ਅਹਮਦੀ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਇਸ ਕਰਕੇ ਹੈ ਕਿ ਆਪ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਹਨ ਤਾਂ ਇਸ ਸੰਬੰਧ ਨੂੰ ਅੱਗੇ ਖ਼ਿਲਾਫ਼ਤ ਲਈ ਵੀ ਰਖੱਣਾ ਜ਼ਰੂਰੀ ਹੈ । ਇਸ ਜੁੱਗ ਵਿੱਚ ਅਹਮਦੀ ਖ਼ੁਸ਼ਕਿਸਮਤ ਹਨ ਕਿ ਜਿੱਥੇ ਰੱਬ ਨੇ ਨਵੀਨ ਅਜੋਕੀਆਂ ਸਹੂਲਤਾਂ ਅਤੇ ਕਾਢਾਂ ਪੈਦਾ ਕੀਤੀਆਂ ਹਨ ਓਥੇ ਅਹਮਦੀਆਂ ਨੂੰ ਵੀ ਇਸ ਨਾਲ ਨਿਵਾਜਿਆ ਹੈ । ਧਰਮ ਦੇ ਪ੍ਰਚਾਰ ਲਈ ਵੀ ਜਮਾਤ ਨੂੰ ਸਹੂਲਤ ਉਪਲਭਦ ਕੀਤੀ । ਟੀਵੀ, ਇੰਟਰਨੈਟ ਅਤੇ ਵੈਬਸਾਈਟਸ ਆਦਿ 'ਤੇ ਜਿੱਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸਾਹਿਤ ਤੇ ਕਲਾਮ ਮੌਜੂਦ ਹੈ ਜਿਸ'ਤੇ ਅਸੀਂ ਕਿਸੇ ਵੀ ਸਮੇਂ ਪਹੁੰਚ ਸਕਦੇ ਹਾਂ, ਵੱਖ ਵੱਖ ਭਾਸ਼ਾਵਾਂ ਵਿੱਚ ਉਸ ਨੂੰ ਦੇਖ ਸਕਦੇ ਹਾਂ ਅਤੇ ਸੁਣ ਵੀ ਸਕਦੇ ਹਾਂ । ਓਥੇ ਸਮੇਂ ਦੀ ਖ਼ਲੀਫ਼ਾਂ ਦੀਆਂ ਨਸੀਹਤਾਂ, ਪਰਵਚਨ ਤੇ ਭਾਸ਼ਣ ਵੀ ਸੁਣ ਅਤੇ ਪੜ੍ਹ ਸਕਦੇ ਹਾਂ ਜੋ ਕੁਰਆਨ, ਹਦੀਸ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕਲਾਮ ਉਪੱਰ ਹੀ ਅਧਾਰਤ ਹੁੰਦਾ ਹੈ ਅਤੇ ਉਹਨਾਂ'ਤੇ ਹੀ ਨੀਹਾਂ ਹਨ ਜੋ ਅੱਜ ਦੁਨੀਆ ਵਿੱਚ ਐਮ.ਟੀ.ਏ. ਰਾਹੀਂ ਹਰ ਥਾਂ ਪਹੁੰਚ ਰਿਹਾ ਹੈ । ਜਿਸ ਨੇ ਜਮਾਤ ਨੂੰ ਇਕ ਬਨਣ ਦਾ ਨਵਾਂ ਰੂਪ ਪ੍ਰਦਾਨ ਕੀਤਾ ਹੈ । ਸੋ, ਤੁਹਾਡੇ ਵਿੱਚੋਂ ਹਰ ਇਕ ਨੂੰ ਇਸ ਗੱਲ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਅਤੇ ਇਸ ਦੀ ਹਰ ਇਕ ਨੂੰ ਲੋੜ ਹੈ ਕਿ ਐਮ.ਟੀ.ਏ. ਨਾਲ ਆਪਣਾ ਨਾਤਾ ਜੋੜਨ ਤਾਂ ਜੋ ਇਸਦਾ ਭਾਗ ਬਣ ਸਕਣ । ਹਰ ਹਫ਼ਤੇ ਘੱਟੋ ਘੱਟ ਇਕ ਖ਼ੁਤਬਾ ਸੁਨਣ ਵੱਲ ਵਿਸੇਸ਼ ਧਿਆਨ ਦੇਣ । ਹਰ ਘਰ ਆਪਣੇ ਘਰਾਂ ਵਿੱਚ ਪੜਤਾਲ ਕਰਨ ਕਿ ਘਰ ਦੇ ਹਰ ਵਿਅਕਤੀ ਨੇ ਖ਼ੁਤਬਾ ਸੁਣਿਆ ਹੈ ਜਾਂ ਨਹੀਂ । ਜੇਕਰ ਪਤਨੀ ਸੁਣਦੀ ਹੈ ਅਤੇ ਪਤੀ ਨਹੀਂ ਤਾਂ ਫਿਰ ਵੀ ਲਾਭ ਨਹੀਂ ਹੁੰਦਾ । ਜੇਕਰ ਬਾਪ ਸੁਣਦਾ ਹੈ ਅਤੇ ਮਾਂ ਬੱਚੇ ਨਹੀਂ ਸੁਣ ਰਹੇ ਤਾਂ ਵੀ ਕੋਈ ਲਾਭ ਨਹੀਂ । ਇਹ ਪ੍ਰਬੰਧ ਜੋ ਰੱਬ ਨੇ ਇਕ ਇਕਾਈ ਬਨਣ ਲਈ ਇਸ ਲਈ ਇਕ ਸਮੇਂ ਵਿੱਚ ਦੁਨੀਆ ਦੀ ਹਰ ਨੁਕੱਰ ਵਿੱਚ ਸਮੇਂ ਦੇ ਖ਼ਲੀਫ਼ਾ ਦੀ ਅਵਾਜ਼ ਪਹੁੰਚ ਜਾਂਦੀ ਹੈ ਇਸ ਲਈ ਉਸ ਦਾ ਹਿੱਸਾ ਬਨਣ ਦੀ ਹਰ ਅਹਮਦੀ ਨੂੰ ਲੋੜ ਹੈ । ਸੋ, ਇਸ ਵੱਲ ਧਿਆਨ ਦਿਓ । ਜੇਕਰ ਇਹ ਪਤਾ ਨਹੀਂ ਕਿ ਕੀ ਕਿਹਾ ਜਾ ਰਿਹਾ ਹੈ ਤਾਂ ਪੈਰ੍ਹਵੀ ਕਿਵੇਂ ਹੋਵੇਗੀ ਗੱਲਾਂ ਸੁਨਣਗੇ ਤਾਂ ਪੈਰ੍ਹਵੀ ਯੋਗ ਹੋਣਗੇ । ਸੋ, ਇਹਨਾ ਗੱਲਾਂ ਦੀ ਭਾਲ ਕਰੋ ਜਿੰਨਾ ਦੀ ਪੈਰ੍ਹਵੀ ਕਰਨੀ ਹੈ । ਰੱਬ ਕਰੇ ਕਿ ਹਰ ਘਰ ਇਸ ਵੱਲ ਧਿਆਨ ਦੇਣ ਵਾਲਾ ਹੋਵੇ ਅਤੇ ਰੱਬ ਨੇ ਸਾਡੀ ਸੀਖ ਲਈ ਜੋ ਸਹੂਲਤ ਪ੍ਰਦਾਨ ਕੀਤੀ ਹੈ ਉਸ ਤੋਂ ਭਰਪੂਰ ਲਾਭ ਉਠਾਉਣ ਵਾਲੇ ਅਸੀਂ ਹੋਈਏ ਅਤੇ ਕੇਵਲ ਸੀਖ ਹੀ ਨਹੀਂ ਸਗੋਂ ਇਸਲਾਮ ਦੀ ਸਿੱਖਿਆ ਨੂੰ ਫੈਲਾਉਣ ਵਿੱਚ ਵੀ ਇਹ ਬਹੁਤ ਵੱਡਾ ਕਿਰਦਾਰ ਨਿਭਾ ਰਿਹਾ ਹੈ । ਜੇਕਰ ਕਿਸੇ ਸਬਬ ਲਾਈਵ ਨਹੀਂ ਵੀ ਸੁਣ ਸਕਦੇ ਤਾਂ ਰਿਕਾਰਡਿੰਗ ਸੁਣੀ ਜਾ ਸਕਦੀ ਹੈ । ਇੰਟਰਨੈਟ'ਤੇ ਮੌਜੂਦ ਹੈ ਅਤੇ ਹੋਰ ਵੀ ਅਨੇਕਾਂ ਹੀ ਪ੍ਰੋਗਰਾਮ ਹੁੰਦੇ ਹਨ ਵਿਸ਼ੇਸ਼ ਕਰਕੇ ਖ਼ੁਤਬੇ ਅਤੇ ਹੋਰ ਖਾਸ ਖਾਸ ਪ੍ਰੋਗਰਾਮ ।

ਅਲੱਾਹ ਤਆਲਾ ਸਾਰਿਆਂ ਨੂੰ ਤੋਫ਼ੀਕ ਪ੍ਰਦਾਨ ਕਰੇ ਕਿ ਜਿੱਥੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਖ਼ਾਸ ਸੰਬੰਧ ਜੋਵਨ ਵਾਲੇ ਹੋਣ ਓਥੇ ਆਪ ਦੇ ਬਾਦ ਜਾਰੀ ਖ਼ਿਲਾਫ਼ਤ ਦੀ ਵਿਵਸਥਾ ਨਾਲ ਵੀ ਪਕੱਾ ਸੰਬੰਧ ਹੋਵੇ ਅਤੇ ਅਗਿਆਕਾਰੀ ਦੇ ਨਮੂਨੇ ਦਿਖਾਉਣ ਵਾਲੇ ਹੋਣ ਅਤੇ ਇਹੋ ਸੰਬੰਧ ਅਤੇ ਪੈਰ੍ਹਵੀ ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਹਦੀਸ ਅਨੁਸਾਰ ਹਜ਼ਰਤ ਮੁਹਮੱਦ ਸਲਲੱਲਾਹੁ ਅਲੈਹਿ ਵਸਲਅਮ ਦੀ ਅਗਿਆਕਾਰੀ ਵਿੱਚੋਂ ਲੰਘਦਿਆਂ ਹੋਇਆਂ ਰੱਬ ਦੀ ਆਗਿਆਕਾਰੀ ਕਰਨ ਵਾਲਾ ਅਤੇ ਉਸ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਬਣਾਉਂਦੀ ਹੈ । ਅਲੱਹ ਤਆਲਾ ਸਭ ਨੂੰ ਇਸ ਦੀ ਤੋਫ਼ੀਕ ਪ੍ਰਦਾਨ ਕਰੇ ।

ਅੰਤ ਵਿੱਚ ਹਜ਼ੂਰ ਨੇ ਅਨਵਰ ਨੇ ਮੁਕਰੱਮ ਹਾਫ਼ਿਜ਼ ਮੁਹਮੱਦ ਇਕਬਾਲ ਵੜਾਇਚ ਸਾਹਬ ਮੁਰੱਬੀ ਸਿਲਸਿਲਾ ਜੋ ਕਿ 2 ਅਮਤੂਬਰ 2015 ਈ ਨੂੰ 49 ਸਾਲ ਦੀ ਉਮਰ ਵਿੱਚ ਫ਼ੌਤ ਹੋ ਗਏ ਹਨ ਉਹਨਾਂ ਦੇ ਸਦਗੁਣ ਵਰਨਣ ਕਾਰਦਿਆਂ ਹੋਇਆਂ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 09.10.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131